# ਭਾਰਤ ਸਰਕਾਰ ਨੇ ਕਨੇਡੀਅਨ ਟੀ. ਵੀ. ਚੈਨਲ ਖਿਲਾਫ ਇਤਰਾਜ ਦਰਜ ਕਰਾਇਆ

ਉਨਟਾਰੀਉ / ਮਨਜੀਤ ਸਿੰਘ ਸਰਾਂ



ਕੈਨੇਡਾ ਤੋਂ ਚੱਲਦੇ ਟੀ. ਵੀ. ਚੈਨਲ ਪੀ. ਟੀ. ਐਨ. 24 ਦੇ ਖਿਲਾਫ ਭਾਰਤ ਸਰਕਾਰ ਨੇ ਕੈਨੇਡੀਅਨ ਟੀ. ਵੀ. ਅਥਾਰਟੀ ਕੋਲ ਇਤਰਾਜ ਦਰਜ ਕਰਾਇਆ ਹੈ। ਕੈਨੇਡਾ 'ਚ ਭਾਰਤੀ ਹਾਈ ਕਮਿਸ਼ਨ ਵੱਲੋ ਇਸ ਚੈਨਲ ਖਿਲਾਫ ਇਹ ਇਤਰਾਜ ਦਰਜ ਕਰਾਇਆ ਹੈ ਕਿ ਇਸ ਚੈਨਲ ਤੇ ਸਿੱਖ ਧਰਮ ਨਾਲ ਸਬੰਧਿਤ ਚੱਲਦੇ ਪ੍ਰੋਗਰਾਮ 'ਚ ਭਾਰਤ ਖਿਲਾਫ ਭੜਕਾਹਿਟ ਪੈਦਾ ਕਰਨ ਦੀ ਕੋਸਿਸ਼ ਕੀਤੀ ਜਾ ਰਹੀ ਹੈ। ਜਿਸ ਦਾ ਭਾਰਤ ਸਰਕਾਰ ਨੂੰ ਰੋਸ ਹੈ ਤੇ ਇਸ ਲਈ ਇਸ ਚੈਨਲ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਖਬਰ ਦੇ ਸਬੰਧ 'ਚ ਜਦੋ ਅਸੀ ਇਸ ਚੈਨਲ ਦੇ ਮਾਲਿਕ ਸੁਖਵਿੰਦਰ ਸਿੰਘ ਚੰਦੀ ਨਾਲ ਫੋਨ ਤੇ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਸਾਡਾ ਚੈਨਲ ਭਾਰਤ ਦੇ ਖਿਲਾਫ ਨਹੀ ਹੈ। ਅਸੀ ਆਪਣੇ ਚੈਨਲ ਰਾਹੀਂ ਸਿਰਫ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹਾਂ ਤੇ ਹਮੇਸ਼ਾਂ ਕਰਦੇ ਰਹਾਂਗੇ। ਉਨਾਂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਹਜਾਰਾਂ ਲੋਕਾਂ ਲਈ ਇਨਸਾਫ ਦੀ ਗੱਲ ਕਰਾਂਗੇ। ਚਾਹੇ ਮਰਨ ਵਾਲੇ ਹਿੰਦੂ ਹੋਣ ਜਾਂ ਸਿੱਖ।

ਚੰਦੀ ਨੇ ਕਿਹਾ ਕਿ ਸਾਡੇ ਦੁਆਰਾ ਕੀਤੀ ਇਨਸਾਫ ਦੀ ਗੱਲ ਨੂੰ ਭਾਰਤੀ ਮੀਡੀਆ ਹਵਾ ਦੇ ਰਿਹਾ ਹੈ ਤੇ ਸਰਕਾਰ ਨੂੰ ਭੜਕਾ ਰਿਹਾ ਹੈ। ਉਨਾਂ ਨੇ ਕਿਹਾ ਕਿ ਅਸੀ ਭਾਰਤ ਸਰਕਾਰ ਤੋ ਪੁੱਛਣਾ ਚਾਹੁੰਦੇ ਹਾਂ ਕਿ ਕੀ ਮਨੁੱਖੀ ਅਧਿਕਾਰਾਂ ਦੀ ਗੱਲ ਕਰਨੀ ਕੋਈ ਗੁਨਾਹ ਹੈ ? ਅਖੀਰ 'ਚ ਉਨਾਂ ਨੇ ਕਿਹਾ ਕਿ ਅਸੀ ਹਮੇਸ਼ਾਂ ਭਾਰਤ ਦੇ ਘੱਟ ਗਿਣਤੀ ਲੋਕਾਂ ਦੇ ਹੱਕਾਂ ਦੀ ਅਵਾਜ ਉਠਾਂਉਦੇ ਰਹਾਂਗੇ।

# ਬਰੈਂਪਟਨ ਚ' 4 ਗੱਡੀਆਂ ਵਿਚਕਾਰ ਦਿਲ ਦਹਿਲਾ ਦੇਣ ਵਾਲਾ ਭਿਆਨਕ ਹਾਦਸਾ, 3 ਬੱਚਿਆਂ ਤੇ ਔਰਤ ਸਮੇਤ 4 ਦੀ ਮੌਤ

ਬਰੈਂਪਟਨ / ਮਨਜੀਤ ਸਿੰਘ ਸਰਾਂ



ਬਰੈਂਪਟਨ ਦੇ ਟੌਰਬਨ/ ਕੰਟਰੀ ਸਾਈਡ ਦੇ ਚੌਕ ਚ' 4 ਕਾਰਾਂ ਵਿਚਕਾਰ ਦਿਲ ਦਹਿਲਾ ਦੇਣ ਵਾਲਾ ਇੱਕ ਭਿਆਨਕ ਹਾਦਸਾ ਦੁਪਿਹਰ 12 ਵਜੇ ਦੇ ਕਰੀਬ ਹੋਇਆ। ਜਿਸ ਵਿੱਚ 3 ਬੱਚੇ ਤੇ ਇੱਕ ਔਰਤ ਦੀ ਮੌਤ ਹੋ ਗਈ। ਇਸ ਤੋ ਇਲਾਵਾ ਕਈ ਗੰਭੀਰ ਜਖਮੀ ਹੋ ਗਏ ਹਨ।

ਇਹ ਹਾਦਸਾ ਬਰੈਮਲੀ ਤੇ ਫਾਦਰ ਟੌਰਬਨ ਨੇੜੇ ਹੋਇਆ। ਪਤਾ ਲੱਗਿਆ ਹੈ ਕਿ ਹਾਦਸਾ ਗ੍ਰਸਤ ਹੋਈ ਨੀਲੇ ਰੰਗ ਦੀ ਕਾਰ ਕੁੱਝ ਲੋਕਾਂ ਨੇ ਚੋਰੀ ਕਰ ਪੁਲਿਸ ਕਰ ਰਹੀ ਸੀ। ਜਿਸ ਕਾਰਣ ਓਵਰ ਸਪੀਡ ਕਾਰਣ ਉਹ ਗੱਡੀ ਨੂੰ ਰੋਕ ਨਾਂ ਸਕੇ ਤੇ ਸਾਹਮਣੇ ਜਾ ਰਹੀਆਂ ਗੱਡੀਆਂ 'ਚ ਠੋਕ ਦਿੱਤਾ ਤੇ ਭਿਆਨਕ ਹਾਦਸਾ ਕਰ ਬੈਠੇ।



ਪੀਲ ਰਿਜੀਨਲ ਪੁਲਿਸ ਦੇ ਅਧਿਕਾਰੀ ਅਖਿਲ ਮੋਕੈਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਾਦਸਾ ਤਕਰੀਬਨ 12.15 ਤੇ ਹੋਇਆ ਤੇ ਇਸ 'ਚ 4 ਮੌਤਾਂ ਹੋ ਗਈਆਂ ਤੇ ਕਈ ਗੰਭੀਰ ਜਖਮੀ ਹਨ। ਜਿੰਨਾਂ ਨੂੰ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ।

ਅਧਿਕਾਰੀ ਨੇ ਦੱਸਿਆ ਕਿ ਇਹ ਸਭ ਜਾਂਚ ਤੋ ਬਾਅਦ ਪਤਾ ਲੱਗੇਗਾ ਕਿ ਗੱਡੀ ਚੁਰਾਉਣ ਵਾਲੇ, ਮਰਨ ਵਾਲੇ ਤੇ ਜਖਮੀ ਕੌਣ ਕੌਣ ਹਨ ?

# ਆਨਲਾਈਨ ਪੜ੍ਹਾਈ ਹੋਣ ਦੀ ਹਾਲਤ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਛੱਡਣਾ ਪਵੇਗਾ ਅਮਰੀਕਾ

ਸਿਆਟਲ (ਅਮਰੀਕਾ) / ਬਿਓਰੋ




ਅਮਰੀਕਾ ਦੇ ਇੰਮੀਗ੍ਰੇਸ਼ਨ ਐਂਡ ਕਸਟਮ ਇਨਫ਼ੋਰਸਮੈਂਟ ਵਿਭਾਗ (ਆਈ.ਸੀ.ਈ.) ਨੇ ਸਿੱਖਿਆ ਬਾਰੇ ਇਕ ਅਜਿਹਾ ਐਲਾਨ ਕੀਤਾ ਹੈ ਜਿਸ ਨਾਲ ਹਜ਼ਾਰਾਂ ਭਾਰਤੀਆਂ ਸਮੇਤ ਵਿਸ਼ਵ ਦੇ ਲੱਖਾਂ ਵਿਦਿਆਰਥੀ ਪ੍ਰਭਾਵਿਤ ਹੋ ਸਕਦੇ ਹਨ।

ਇਸ ਐਲਾਨ ਅਨੁਸਾਰ ਜੇਕਰ ਯੂਨੀਵਰਸਿਟੀਆਂ ਕੋਰੋਨਾ ਵਾਇਰਸ ਦੇ ਚਲਦਿਆਂ ਕੇਵਲ ਆਨ ਲਾਈਨ ਪੜ੍ਹਾਈ ਕਰਵਾਉਂਦੀਆਂ ਹਨ ਤਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਛੱਡਣਾ ਪਵੇਗਾ ਜਾਂ ਉਨ੍ਹਾਂ ਉਪਰ ਡਿਪੋਰਟ ਦੀ ਤਲਵਾਰ ਲਟਕ ਜਾਵੇਗੀ। ਇਸ ਫ਼ੈਸਲੇ ਨਾਲ ਉਹ ਵਿਦਿਆਰਥੀ ਪ੍ਰਭਾਵਿਤ ਹੋਣਗੇ ਜੋ ਯੂਨੀਵਰਸਿਟੀਆਂ 'ਚ ਪੜ੍ਹਨ, ਸਿਖ਼ਲਾਈ ਪ੍ਰੋਗਰਾਮਾਂ 'ਚ ਹਿੱਸਾ ਲੈਣ, ਗ਼ੈਰ-ਅਕਾਦਮਿਕ ਜਾਂ ਵੋਕੇਸ਼ਨਲ ਪੜ੍ਹਾਈ ਲਈ ਅਮਰੀਕਾ ਆਏ ਹਨ।

ਕੋਰੋਨਾ ਵਾਇਰਸ ਕਾਰਨ ਯੂਨੀਵਰਸਿਟੀਆਂ ਕੋਰਸਾਂ ਨੂੰ ਆਨਲਾਈਨ ਮੁਕੰਮਲ ਕਰਵਾਉਣ ਸਬੰਧੀ ਫ਼ੈਸਲੇ ਲੈ ਰਹੀਆਂ ਹਨ। ਉਦਾਹਰਨ ਵਜੋਂ ਹਾਵਰਡ ਯੂਨੀਵਰਸਿਟੀ ਨੇ ਸਮੁੱਚੇ ਵਿਦਿਆਰਥੀਆਂ ਨੂੰ ਕੋਰਸਾਂ ਸਬੰਧੀ ਆਨਲਾਈਨ ਹਦਾਇਤਾਂ ਦੇਣ ਦਾ ਫ਼ੈਸਲਾ ਲਿਆ ਹੈ। ਇਹ ਫ਼ੈਸਲਾ ਕੈਂਪਸ 'ਚ ਰਹਿ ਰਹੇ ਵਿਦਿਆਰਥੀਆਂ 'ਤੇ ਵੀ ਲਾਗੂ ਹੋਵੇਗਾ। ਹਾਵਰਡ ਨੇ ਇਹ ਫ਼ੈਸਲਾ ਲੈ ਕੇ ਵਿਦੇਸ਼ੀ ਵਿਦਿਆਰਥੀਆਂ ਲਈ ਅਮਰੀਕਾ ਛੱਡਣ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਆਈ.ਸੀ.ਈ. ਨੇ ਜਾਰੀ ਪ੍ਰੈੱਸ ਬਿਆਨ 'ਚ ਕਿਹਾ ਹੈ ਕਿ ਵਿਸ਼ੇਸ਼ ਵੀਜ਼ੇ ਵਾਲੇ ਵਿਦਿਆਰਥੀ ਜੋ ਆਨਲਾਈਨ ਪੂਰਾ ਕੋਰਸ ਪੜ੍ਹਨ ਦੇ ਅਸਮਰੱਥ ਹਨ, ਉਹ ਅਮਰੀਕਾ ਰਹਿ ਸਕਦੇ ਹਨ ਪਰ ਸਕੂਲਾਂ ਜਾਂ ਹੋਰ ਪ੍ਰੋਗਰਾਮਾਂ ਜਿਨ੍ਹਾਂ ਦੀ ਮੁਕੰਮਲ ਪੜ੍ਹਾਈ ਆਨਲਾਈਨ ਹੈ, ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੀਜ਼ੇ ਨਹੀਂ ਜਾਰੀ ਕੀਤੇ ਜਾਣਗੇ ਤੇ ਨਾ ਹੀ ਅਮਰੀਕੀ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ ਵਿਭਾਗ ਇਨ੍ਹਾਂ ਵਿਦਿਆਰਥੀਆਂ ਨੂੰ ਅਮਰੀਕਾ 'ਚ ਦਾਖ਼ਲ ਹੋਣ ਦੀ ਇਜਾਜ਼ਤ ਦੇਵੇਗਾ।

ਵਿਦਿਆਰਥੀਆਂ ਨੇ ਆਈ ਸੀ. ਈ. ਦੇ ਐਲਾਨ ਦਾ ਤਿੱਖਾ ਵਿਰੋਧ ਕੀਤਾ ਹੈ। ਹਾਵਰਡ ਦੇ ਕੈਨੇਡੀ ਸਰਕਾਰੀ ਸਕੂਲ ਦੇ 26 ਸਾਲਾ ਗ੍ਰੈਜੂਏਟ ਵਿਦਿਆਰਥੀ ਵਾਲੇਰੀਆ ਮੈਨਡਿਓਲਾ ਨੇ ਕਿਹਾ ਹੈ ਕਿ ਬਹੁਤ ਬੇ-ਯਕੀਨੀ ਤੇ ਪ੍ਰੇਸ਼ਾਨੀ ਵਾਲਾ ਮਾਹੌਲ ਪੈਦਾ ਹੋ ਗਿਆ ਹੈ।

# 8 ਸਤੰਬਰ ਨੂੰ ਖੁੱਲਣਗੇ ਓਨਟੇਰੀਓ ਦੇ ਸਕੂਲ

## ਵਿਦਿਆ ਮੰਤਰੀ ਟੀਚਰਜ਼ ਯੂਨੀਅਨ ਪਲਾਨ ਤੋਂ ਨਾਖੁਸ਼




ਟੋਰਾਂਟੋ/ ਧੰਨਵਾਦ ਸਹਿਤ ਖਬਰਨਾਮਾ

ਕੋਵਿਡ-19 ਕਾਰਨ ਮਾਰਚ ਦੇ ਅੱਧ ਵਿੱਚ ਬੰਦ ਕਰ ਦਿੱਤੇ ਗਏ ਓਨਟੇਰੀਓ ਦੇ ਸਕੂਲ ਹੁਣ ਸਤੰਬਰ 8-2020 ਨੂੰ ਖੁੱਲਣਗੇ। ਇਹ ਐਲਾਨ ਸੂਬੇ ਦੇ ਵਿਦਿਆ ਮੰਤਰੀ ਸਟੀਵਨ ਲਿਚੇ ਨੇ ਕੀਤਾ ਹੈ ਅਤੇ ਇਸ ਮੌਕੇ ਪ੍ਰੀਮੀਅਰ ਡੱਗ ਫੋਰਡ ਵੀ ਹਾਜ਼ਰ ਸਨ। ਸਰਕਾਰ ਨੇ ਸਕੂਲ ਖੋਹਲਣ ਦੀ ਪੂਰੀ ਪਲਾਨ ਪੇਸ਼ ਕੀਤੀ ਹੈ ਅਤੇ ਕਵਿਡ-19 ਤੋਂ ਬਚਾਅ ਲਈ $309 ਮਿਲੀਅਨ ਫੰਡ ਦੀ ਵਿਵਸਥਾ ਕੀਤੀ ਹੈ।

ਪਰ ਐਲੀਮਿੰਟਰੀ ਟੀਚਰਜ਼ ਯੂਨੀਅਨ ਸਰਕਾਰ ਦੀ ਪਲਾਨ ਤੋਂ ਨਾਖੁਸ਼ ਹੈ ਅਤੇ ਇਸ ਨੂੰ ਟੀਚਰਾਂ ਵਾਸਤੇ ਰਿਸਕੀ ਦੱਸ ਰਹੀ ਹੈ। ਇਸ ਪਲਾਨ ਦੇ ਕਈ ਪੱਖ ਹਨ ਜੋ ਸਕੂਲ ਬੋਰਡਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਹਨ। ਐਲੀਮਿੰਟਰੀ ਅਤੇ ਮਿਡਲ ਸਕੂਲ (ਗਰੇਡ 8 ਤੱਕ) ਪੂਰਾ ਸਮਾਂ ਭਾਵ ਪੰਜੇ ਦਿਨ ਖੁੱਲਣਗੇ ਪਰ ਆਪਣੇ ਬੱਚੇ ਸਕੂਲ ਨਾ ਭੇਜਣ ਦੇ ਚਾਹਵਾਨ ਮਾਪੇ ਆਨਲਾਈਨ ਸੁਵਿਧਾ ਵਰਤ ਸਕਣਗੇ। ਹਾਈ ਸਕੂਲਾਂ ਵਿੱਚ ਸਟੂਡੈਂਟ ਇੱਕ ਦਿਨ ਛੱਡਕੇ ਕਲਾਸਾਂ ਲਗਾਉਣਗੇ ਅਤੇ ਉਹਨਾਂ ਲਈ ਬਦਲਵੇਂ ਗਰੁਪ ਬਣਾਏ ਜਾਣਗੇ ਤੇ ਹਰ ਗਰੁੱਪ ਵਿੱਚ 15 ਸਟੂਡੈਂਟ ਹੋਣਗੇ। ਗਰੇਡ 4 ਤੋਂ 12 ਤੱਕ ਦੇ ਬੱਚਿਆਂ ਨੂੰ ਸਕੂਲ ਵਿੱਚ ਫੇਸ ਮਾਸਕ ਲਾਜ਼ਮੀ ਲਗਾਉਣੀ ਪਵੇਗੀ ਜਦਕਿ ਕਿੰਡਰਗਾਰਟਨ ਤੋਂ ਤੀਜੀ ਕਲਾਸ ਦੇ ਬੱਚਿਆਂ ਨੂੰ ਮਾਸਕ ਤੋ ਛੋਟ ਹੋਵੇਗੀ। ਇਹ ਪਲਾਨ ਵੱਡੇ ਸ਼ਹਿਰਾਂ ਦੇ 24 ਸਕੂਲ ਬੋਰਡਾਂ ਵਿੱਚ ਲਾਗੂ ਕੀਤਾ ਜਾਵੇਗਾ ਜਿੱਥੇ ਵਿਦਿਆਰਥੀਆਂ ਦੀ ਗਿਣਤੀ ਵੱਧ ਹੈ ਜਿਸ ਵਿੱਚ ਟੋਰਾਂਟੋ ਅਤੇ ਪੀਅਲ ਵਰਗੇ ਬੋਰਡ ਸ਼ਾਮਲ ਹਨ।

ਸੂਬੇ ਦੀ ਘੱਟ ਅਬਾਦੀ ਵਾਲੇ ਖੇਤਰਾਂ ਦੇ 48 ਬੋਰਡਾਂ ਵਿੱਚ ਫੁੱਲ ਟਾਈਮ ਅਤੇ ਹਫ਼ਤੇ ਦੇ ਪੰਜੇ ਦਿਨ ਕਲਾਸਾਂ ਲੱਗਣਗੀਆਂ। ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਹੈ ਇਸ ਪਲਾਨ ਨੂੰ ਪਬਲਿਕ ਹੈਲਥ ਵਲੋਂ ਪ੍ਰਵਾਨਗੀ ਮਿਲ ਗਈ ਹੈ। ਕੋਵਿਡ-19 ਦਾ ਪੂਰਾ ਧਿਆਨ ਰੱਖਿਆ ਜਾਵੇਗਾ ਅਤੇ ਅਗਰ ਕਿਸੇ ਸਟੂਡੈਂਟ ਜਾਂ ਸਟਾਫ ਮੈਂਬਰ ਵਿੱਚ ਇਸ ਦੇ ਲੱਛਣ ਮਿਲਦੇ ਹਨ ਤਾਂ ਉਹਨਾਂ ਨੂੰ ਨੈਗਿਟਿਵ ਟੈਸਟ ਆਉਣ ਤੱਕ ਸਕੂਲ ਅਟੈਂਡ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

# ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਨਾ ਆਉਣ ਦੀ ਸਲਾਹ

ਆਟਵਾ (ਕੇਨੈਡਾ)/ ਬਿਓਰੋ




ਟੋਰਾਂਟੋ ਸਟਾਰ ਦੀ ਇਕ ਰਪੋਰਟ ਮੁਤਾਬਿਕ ਫੈਡਰਲ ਇਮੀਗ੍ਰੇਸ਼ਨ ਡਿਪਾਰਟਮੈਂਟ ਨੇ ਦੱਸਿਆ ਕਿ ਤਾਜ਼ਾ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਹਾਲ ਦੀ ਘੜੀ ਕੈਨੇਡਾ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਜਿਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨੂੰ 18 ਮਾਰਚ 2020 ਤੋਂ ਪਹਿਲਾਂ ਵੀਜ਼ਾ ਦਿੱਤਾ ਗਿਆ ਸੀ ਸਿਰਫ਼ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦੇਸ਼ ਵਿੱਚ ਦਾਖਲ ਹੋਣ ਦਿੱਤਾ ਜਾਵੇਗਾ। ਇਮੀਗਰੇਸ਼ਨ ਵਿਭਾਗ ਦੇ ਨਵੇਂ ਦਿਸ਼ਾ ਨਿਰਦੇਸ਼ਾਂ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਬਹੁਤ ਸਾਰੇ ਕੈਨੇਡੀਅਨ ਕਾਲਜ ਅਤੇ ਯੂਨੀਵਰਸਿਟੀ ਕੈਂਪਸ ਦੀਆਂ ਲੋਕੇਸ਼ਨਾਂ ਬੰਦ ਹਨ ਜਿਸ ਕਾਰਨ ਕਲਾਸਾਂ ਆਮ ਤੌਰ ਉੱਤੇ ਆਨਲਾਈਨ ਹੀ ਲੱਗ ਰਹੀਆਂ ਹਨ।

2019 ਵਿੱਚ ਪੋਸਟ ਸੈਕੰਡਰੀ ਲੈਵਲ ਉੱਤੇ ਕੈਨੇਡਾ ਵਿੱਚ 6,50,000 ਕੌਮਾਂਤਰੀ ਵਿਦਿਆਰਥੀ ਪੜ੍ਹ ਰਹੇ ਸਨ। ਕਿਹਾ ਜਾਂਦਾ ਹੈ ਕਿ ਇਸ ਸੈਕਟਰ ਨੇ ਕੈਨੇਡੀਅਨ ਅਰਥਚਾਰੇ ਵਿੱਚ 21 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਸੀ। ਫੈਡਰਲ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਨੂੰ ਇਹ ਖੁੱਲ੍ਹ ਦੇ ਰਹੀ ਹੈ ਕਿ ਜੇ ਉਹ ਦੇਸ਼ ਤੋ ਬਾਹਰ ਰਹਿੰਦਿਆਂ ਹੋਇਆਂ ਵੀ ਆਨਲਾਈਨ ਪੜ੍ਹਾਈ ਜਾਰੀ ਰੱਖਦੇ ਹਨ ਤਾਂ ਵੀ ਉਹ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਹੋਣਗੇ। ਅਗਰ ਕੌਮਾਂਤਰੀ ਵਿਦਿਆਰਥੀਆਂ ਨੇ ਸਟਡੀ ਪਰਮਿਟ ਐਪਲੀਕੇਸ਼ਨ ਜਮ੍ਹਾਂ ਕਰਵਾ ਦਿੱਤੀ ਹੋਵੇਗੀ ਅਤੇ ਅਗਰ ਸਰਹੱਦ ਖੁੱਲ੍ਹਣ ਤੱਕ ਉਨ੍ਹਾਂ ਦਾ ਕੈਨੇਡਾ ਵਿੱਚ ਅੱਧਾ ਪ੍ਰੋਗਰਾਮ ਮੁਕੰਮਲ ਹੋ ਗਿਆ ਹੋਵੇਗਾ ਤਾਂ ਉਹ ਵਰਕ ਪਰਮਿਟ ਦੇ ਯੋਗ ਹੋਣਗੇ।

ਜ਼ਿਕਰਯੋਗ ਹੈ ਕਿ ਬਹੁਤੇ ਕੌਮਾਂਤਰੀ ਵਿਦਿਆਰਥੀ ਇਸ ਵਰਕ ਪਰਮਿਟ ਨੂੰ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਸ ਲਈ ਆਧਾਰ ਮੰਨਦੇ ਹਨ ਅਤੇ ਬਹੁਤੇ ਪੀ ਆਰ ਲਈ ਹੀ ਕੌਮਾਂਤਰੀ ਵਿਦਿਆਰਥੀਆਂ ਵਜੋਂ ਕੈਨੇਡਾ ਆਉਂਦੇ ਹਨ। ਕੋਵਿਡ-19 ਦੀ ਮਾਰ ਕਾਰਨ ਕੈਨੇਡਾ ਵਿੱਚ ਲੋਕ ਵੱਡੀ ਪੱਧਰ 'ਤੇ ਬੇਰੁਜ਼ਗਾਰ ਹਨ ਅਤੇ ਬਹੁਤੇ ਲੋਕਲ ਸਮਝਦੇ ਹਨ ਇਸ ਸੂਰਤ ਵਿੱਚ ਪਹਿਲਾਂ ਵਾਂਗ ਲੱਖਾਂ ਵਿੱਚ ਕੌਮਾਂਤਰੀ ਵਿਦਿਆਰਥੀ ਸੱਦਣ ਨਾਲ ਕੈਨੇਡਾ ਬੇਰੁਜ਼ਗਾਰੀ ਹੋਰ ਵਧ ਜਾਵੇਗੀ। ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਕੈਸ਼ ਅਤੇ ਘੱਟੋ ਘੱਟ ਤਨਖਾਹ ਤੋਂ ਵੀ ਘੱਟ ਡਾਲਰਾਂ 'ਤੇ ਕੰਮ ਕਰਦੇ ਹਨ ਜਿਸ ਨਾਲ ਲੇਬਰ ਦੀ ਲੁੱਟ ਹੁੰਦੀ ਹੈ। ਇਹ ਕਾਨੂੰਨ ਦੀ ਉਲੰਘਣਾ ਵੀ ਹੈ ਅਤੇ ਇਸ ਨਾਲ ਨਿਰਧਾਰਤ ਤਨਖਾਹ ਲੈ ਕੇ ਕੰਮ ਕਰਨ ਦੇ ਚਾਹਵਾਨ ਕਨੇਡੀਅਨ ਲੋਕਾਂ ਨੂੰ ਨੌਕਰੀਆਂ ਲੱਭਣ ਵਿੱਚ ਮੁਸ਼ਕਲ ਆਉਂਦੀ ਹੈ।

ਬਰੈਂਪਟਨ ਸਮੇਤ ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਕੈਸ਼ ਅਤੇ ਘੱਟ ਤਨਖਾਹ ਉੱਤੇ ਕੰਮਕਾਰ ਆਮ ਹੋ ਗਏ ਹਨ। ਟੋਰਾਂਟੋ, ਸਰੀ, ਮਾਲਟਨ, ਮਾਰਖਮ ਅਤੇ ਬਰੈਂਪਟਨ ਵਰਗੇ ਸ਼ਹਿਰਾਂ ਵਿੱਚ ਕਿਰਾਏ 'ਤੇ ਕਮਰਾ ਤਲਾਸ਼ਣਾ ਮੁਸ਼ਕਲ ਹੋ ਗਿਆ ਹੈ। ਕਈ ਲੋਕ ਇਸ ਨਾਲ ਪੈਸਾ ਵੀ ਬਣਾ ਰਹੇ ਹਨ ਅਤੇ ਉਹਨਾਂ ਨੇ ਆਪਣੇ ਸਿੰਗਲ ਫੈਮਲੀ ਘਰਾਂ ਨੂੰ ਮੋਟਲ ਬਣਾਇਆ ਹੋਇਆ ਹੈ। ਫੈਡਰਲ ਸਰਕਾਰ ਹੇਠਲੀ ਪੱਧਰ 'ਤੇ ਪੈਦਾ ਹੁੰਦੀਆਂ ਸਮੱਸਿਆਵਾਂ ਤੋਂ ਬੇਮੁਖ ਹੈ।

# ਕੇਨੈਡਾ ਦੇ ਓਟਾਵਾ ਦੀ 15 ਸਾਲਾ ਲੜਕੀ ਲਾਪਤਾ



ਓਟਾਵਾ / ਬਿਓਰੋ

ਓਟਾਵਾ ਪੁਲਸ 15 ਸਾਲਾ ਇਕ ਗੁੰਮਸ਼ੁਦਾ ਲੜਕੀ ਦਾ ਪਤਾ ਲਾਉਣ ਲਈ ਲੋਕਾਂ ਦੀ ਮਦਦ ਮੰਗ ਰਹੀ ਹੈ। ਜੋਰਡਿਨ ਮੂਰ ਦੇ 27 ਜੁਲਾਈ ਨੂੰ ਲਾਪਤਾ ਹੋਣ ਦੀ ਖ਼ਬਰ ਮਿਲੀ ਸੀ। ਉਸ ਨੂੰ ਆਖਰੀ ਵਾਰ ਪੱਛਮੀ 'ਚ ਦੇਖਿਆ ਗਿਆ ਸੀ।

ਪੁਲਸ ਦਾ ਕਹਿਣਾ ਹੈ ਕਿ ਉਹ ਸੰਭਵ ਤੌਰ 'ਤੇ ਸ਼ਹਿਰ ਦੇ ਖੇਤਰ 'ਚ ਹੀ ਹੈ। ਇਕ ਖ਼ਬਰ ਜਾਰੀ ਕਰਦਿਆਂ ਪੁਲਸ ਨੇ ਕਿਹਾ ਕਿ ਮੂਰ ਦਾ ਪਰਿਵਾਰ ਉਸ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਮੂਰ ਦਾ ਕੱਦ 5 ਫੁੱਟ 5 ਇੰਚ ਦੱਸਿਆ ਗਿਆ ਹੈ। ਉਸ ਦੇ ਖੱਬੇ ਹੱਥ 'ਤੇ ਦਿਲ ਦਾ ਟੈਟੂ ਵੀ ਹੈ। ਪੁਲਸ ਨੇ ਬੇਨਤੀ ਕੀਤੀ ਹੈ ਕਿ ਜੇਕਰ ਕਿਸੇ ਨੂੰ ਵੀ ਉਸ ਦੀ ਸੂਚਨਾ ਹੈ ਤਾਂ ਉਹ ਓਟਾਵਾ ਪੁਲਸ ਨੂੰ 613-236-1222 'ਤੇ ਇਤਲਾਹ ਦੇ ਸਕਦਾ ਹੈ।

ਇਸੇ ਤਰ੍ਹਾਂ ਦਾ ਇਕ ਮਾਮਲਾ ਵਿਨੀਪੈਗ ਦਾ ਹੈ। ਹਸਪਤਾਲ ਤੋ ਛੁੱਟੀ ਮਿਲਣ ਤੋਂ ਬਾਅਦ ਇਕ 35 ਸਾਲਾ ਔਰਤ ਲਾਪਤਾ ਹੋਈ ਹੋ ਗਈ ਹੈ। 35 ਸਾਲਾ ਔਰਤ ਦੇ ਪਰਿਵਾਰ ਨੇ ਕਿਹਾ ਕਿ ਕੈਸੀਡੀ ਸਿਲਵੇਸਟਰ ਨੂੰ ਇਕ ਮਹੀਨਾ ਪਹਿਲਾਂ ਵਿਕਟੋਰੀਆ ਜਨਰਲ ਹਸਪਤਾਲ 'ਚ ਸਵੈ-ਇੱਛਾ ਨਾਲ ਦਾਖ਼ਲ ਕਰਵਾਇਆ ਗਿਆ ਸੀ ਕਿਉਂਕਿ ਉਹ ਮਾਨਸਿਕ ਸਿਹਤ ਸੰਕਟ ਨਾਲ ਜੂਝ ਰਹੀ ਸੀ।

ਟੂਰਨਾਮੈਂਟ ਅਤੇ ਮੇਲਿਆਂ ਲਈ ਵਿਸ਼ੇਸ਼
ਟੂਰਨਾਮੈਂਟ ਅਤੇ ਮੇਲਿਆਂ ਦੇ ਇਲਾਕੇ ਭਰ ਵਿਚ
ਫਲੈਕਸ ਬੋਰਡ ਲਗਾਉਣ ਲਈ
ਰੰਗਦਾਰ ਪੋਸਟਰ
ਸਟਿੱਕਰ
ਕੈਲੰਡਰ
ਛਪਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
ਅਸੀਂ ਤੁਹਾਨੂੰ ਦੇਵਾਂਗੇ
ਸਸਤੇ ਰੇਟਾਂ ਵਿਚ ਵਧੀਆ ਸਰਵਿਸ।
ਸੰਪਰਕ
ਪੰਜਾਬ ਆਰਟ
98887-76835

